# ਪੰਜਾਬੀ ਭਾਸ਼ਾ ਪ੍ਰੀਖਿਆ (ਮੈਟ੍ਰਿਕ ਪੱਧਰ)

**Q.1 ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਿੱਥੇ ਹੋਇਆ?**

A. ਅੰਮ੍ਰਿਤਸਰ
B. ਰਾਏ ਭੋਏ ਦੀ ਤਲਵੰਡੀ
C. ਸੁਲਤਾਨਪੁਰ ਲੋਧੀ
D. ਕਰਤਾਰਪੁਰ

**Q.2 ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ ਕੀ ਸੀ?**

A. ਭਾਈ ਲਹਿਣਾ ਜੀ
B. ਭਾਈ ਮਰਦਾਨਾ ਜੀ
C. ਭਾਈ ਬਾਲਾ ਜੀ
D. ਭਾਈ ਗੁਰਦਾਸ ਜੀ

**Q.3 ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹੜੀ ਮਹੱਤਵਪੂਰਨ ਰਚਨਾ ਦਾ ਸੰਪਾਦਨ ਕੀਤਾ?**

A. ਜਪੁਜੀ ਸਾਹਿਬ
B. ਆਦਿ ਗ੍ਰੰਥ
C. ਜ਼ਫਰਨਾਮਾ
D. ਵਾਰਾਂ

**Q.4 'ਚਾਨਣ' ਦਾ ਵਿਰੋਧਾਤਮਕ ਸ਼ਬਦ ਕਿਹੜਾ ਹੈ?**

A. ਸੂਰਜ
B. ਰੌਸ਼ਨੀ
C. ਹਨੇਰਾ
D. ਦੀਵਾ

**Q.5 ਸਹੀ ਸ਼ਬਦ ਚੁਣੋਂ?**

A. ਸੁਨਿਹਰੀ
B. ਸੁਨੈਹਰੀ
C. ਸੁਨਹਿਰੀ
D. ਸੁਨਹੀਰੀ

**Q.6 'ਗੱਭਰੂ' ਸ਼ਬਦ ਦਾ ਇਸਤਰੀ ਲਿੰਗ ਚੁਣੋ:**

A. ਸਹੇਲੀ
B. ਮੁਟਿਆਰ
C. ਨਾਰੀ
D. ਔਰਤ

**Q.7 ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਮਾਨਆਰਥਕ ਸ਼ਬਦ ਨਹੀਂ ਹੈ:**

A. ਸੂਰਬੀਰ
B. ਬਹਾਦਰ
C. ਸੂਰਮਾ
D. ਡਰਪੋਕ

**Q.8 ਜਿਹੜੇ ਸ਼ਬਦ ਵਾਕ ਵਿੱਚ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਜਾਂ ਵਾਕਾਂ ਨੂੰ ਆਪਸ ਵਿਚ ਜੋੜਨ:**

A. ਯੋਜਕ
B. ਸੰਬੰਧਕ
C. ਲਗਾਖਰ
D. ਦੁੱਤ ਅੱਖਰ

**Q.9 'ਅੱਖਾਂ ਵਿੱਚ ਘੱਟਾ ਪਾਉਣ' ਦਾ ਅਰਥ ਹੈ:**

A. ਰੋਣਾ
B. ਧੋਖਾ ਕਰਨਾ
C. ਗੁੱਸਾ ਕਰਨਾ
D. ਡਰਨਾ

**Q.10 'ਦੰਦ ਖੱਟੇ ਕਰਨ' ਦਾ ਅਰਥ ਹੈ:**

A. ਖਾਣਾ ਖਾਣਾ
B. ਦੰਦ ਸਾਫ ਕਰਨਾ
C. ਬੁਰੀ ਤਰਾਂ ਹਰਾ ਦੇਣਾ
D. ਉਪਰੋਕਤ ਵਿੱਚੋ ਕੋਈ ਨਹੀ

**Q.11 ਮੁਹਾਵਰਾ ਪੂਰਾ ਕਰੋ: ਗਲ਼ ਪਿਆ ……ਵਜਾਉਣਾ।**

A. ਇਕਤਾਰਾ
B. ਵਾਜਾ
C. ਢੋਲ
D. ਬੀਨ

**Q.12 ਜਿਸ ਪੁਰਖ ਨਾਲ ਗੱਲ ਕੀਤੀ ਜਾਵੇ ਉਸਨੂੰ ਕੀ ਕਿਹਾ ਜਾਂਦਾ ਹੈ?**

A. ਉਤਮ ਪੁਰਖ ਜਾਂ ਪਹਿਲਾ ਪੁਰਖ
B. ਮੱਧਮ ਪੁਰਖ ਜਾਂ ਦੂਜਾ ਪੁਰਖ
C. ਅਨਯ ਪੁਰਖ ਜਾਂ ਤੀਜਾ ਪੁਰਖ
D. ਉਪਰੋਕਤ ਵਿਚੌਂ ਕੋਈ ਨਹੀਂ

**Q.13 'ਰਾਮ ਸਕੂਲ ਜਾਂਦਾ ਹੈ' ਵਿੱਚ ਰਾਮ ਕਿਹੜਾ ਸ਼ਬਦ ਭੇਦ ਹੈ?**

A. ਪੜਨਾਂਵ
B. ਨਾਂਵ
C. ਕਿਰਿਆ
D. ਵਿਸ਼ੇਸ਼ਣ

**Q.14 ਬੋਲੀ ਜਾਂ ਭਾਸ਼ਾ ਨੂੰ ਸ਼ੁੱਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਨਿਯਮ:**

A. ਲਿਪੀ
B. ਵਿਆਕਰਨ
C. ਸ਼ਬਦ
D. ਉਪਰੋਕਤ ਵਿਚੌਂ ਕੋਈ ਨਹੀਂ।

**Q.15 ਪੰਜਾਬੀ ਭਾਸ਼ਾ ਲਈ ਢੁਕਵੀਂ ਲਿਪੀ ਕਿਹੜੀ ਹੈ?**

A. ਸ਼ਾਹਮੁਖੀ
B. ਦੇਵਨਾਗਰੀ
C. ਰੋਮਨ
D. ਗੁਰਮੁਖੀ

**Q.16 'ਸੋਹਣਾ ਫੁੱਲ' ਵਿੱਚ ਸੋਹਣਾ ਕਿਹੜਾ ਸ਼ਬਦ ਹੈ?**

A. ਨਾਂਵ
B. ਪੜਨਾਂਵ
C. ਵਿਸ਼ੇਸ਼ਣ
D. ਕਿਰਿਆ

**Q.17 'ਅਨ' ਅਗੇਤਰ ਵਾਲਾ ਸ਼ਬਦ ਕਿਹੜਾ ਹੈ?**

A. ਅਨਪੜ੍ਹ
B. ਪੜ੍ਹਾਈ
C. ਪੜ੍ਹਾਕੂ
D. ਪੜ੍ਹਨਾ

**Q.18 'ਘਰ ਦੀ ਚੰਗੀ ਚੀਜ਼ ਨੂੰ ਮਾੜਾ ਸਮਝਣਾ' ਲਈ ਕਿਹੜਾ ਅਖਾਣ ਵਰਤਿਆ ਜਾਂਦਾ ਹੈ?**

A. ਘਰ ਦਾ ਭੇਤੀ ਲੰਕਾ ਢਾਹੇ
B. ਘਰ ਦੀ ਮੁਰਗ਼ੀ ਦਾਲ ਬਰਾਬਰ
C. ਗਰੀਬਾਂ ਰੱਖੇ ਰੋਜ਼ੇ ਦਿਨ ਵੱਡੇ ਆਏ
D. ਗਾਂ ਨਾ ਵੱਛੀ ਨੀਂਦਰ ਆਵੇ ਅੱਛੀ

**Q.19 'College' ਦਾ ਪੰਜਾਬੀ ਰੂਪ ਹੈ:**

A. ਕਾਲਜ
B. ਕਾਲੇਜ
C. ਕੌਲਜ
D. ਕਾਲਿਜ

**Q.20 'School' ਦਾ ਪੰਜਾਬੀ ਰੂਪ ਹੈ:**

A. ਸਕੂਲ
B. ਸਕੋਲ
C. ਸਕੁਲ
D. ਸਕੂਲ੍ਹ

**Q.21 'ਹੱਥ ਪੈਰ ਮਾਰਨਾ' ਦਾ ਅਰਥ ਹੈ:**

A. ਖੇਡਣਾ
B. ਕੋਸ਼ਿਸ਼ ਕਰਨਾ
C. ਆਰਾਮ ਕਰਨਾ
D. ਡਰ ਜਾਣਾ

**Q.22 'ਮੁੰਡਾ' ਦਾ ਬਹੁਵਚਨ ਕੀ ਹੈ?**

A. ਮੁੰਡੀਆਂ
B. ਮੁੰਡੇ
C. ਮੁੰਡਾ
D. ਮੁੰਡਿਓ

**Q.23 'ਪਣ' ਪਿਛੇਤਰ ਵਾਲਾ ਸ਼ਬਦ ਹੈ:**

A. ਬਚਪਣ
B. ਬਚਣਾ
C. ਬੱਚਾ
D. ਬਚਾਅ

**Q.24 'ਸਪੇਰਾ' ਸ਼ਬਦ ਦਾ ਇਸਤਰੀ ਲਿੰਗ ਚੁਣੋ:**

A. ਸਪੇਰਣ
B. ਸਪੇਰਨ
C. ਸਪੇਰੀ
D. ਸਪੇਰਿਣ

**Q.25 'ਉਹ ਆਦਮੀ ਜਿਹੜਾ ਅਮੀਰ ਹੋਵੇ ਪਰ ਬੇਸਮਝ ਹੋਵੇ' ਲਈ ਕਿਹੜਾ ਅਖਾਣ ਵਰਤਿਆ ਜਾਂਦਾ ਹੈ?**

A. ਗਰੀਬਾਂ ਰੱਖੇ ਰੋਜ਼ੇ ਦਿਨ ਵੱਡੇ ਆਏ
B. ਗਾਂ ਨਾ ਵੱਛੀ ਤੇ ਨੀਂਦਰ ਆਵੇ ਅੱਛੀ
C. ਅਕਲ ਦਾ ਅੰਨਾ ਤੇ ਗੰਢ ਦਾ ਪੂਰਾ
D. ਉਪਰੋਕਤ ਵਿਚੋਂ ਕੋਈ ਨਹੀਂ

**Q.26 'ਵਾਹ! ਕਿੰਨਾ ਸੋਹਣਾ ਦ੍ਰਿਸ਼ ਹੈ' ਵਿੱਚ (!) ਕੀ ਹੈ?**

A. ਪ੍ਰਸ਼ਨ ਚਿੰਨ
B. ਵਿਸਮਿਕ ਚਿੰਨ
C. ਕਾਮਾ
D. ਪੂਰਨ ਵਿਸ਼ਰਾਮ

**Q.27 'ਮੈ ਸਕੂਲ ਜਾਦਾ ਹਾ" ਦਾ ਸ਼ੁਧ ਰੂਪ ਕਿਹੜਾ ਹੈ:**

A. ਮੈਂ ਸਕੂਲ ਜਾਂਦਾ ਹਾਂ।
B. ਮੈ ਸਕੂਲ ਜਾਦਾਂ ਹਾ।
C. ਮੈ ਸਕੂਲ ਜਾਦਾ ਹਾਂ।
D. ਮੈ ਸਕੁਲ ਜਾਂਦਾ ਹਾਂ।

**Q.28 'Seventy Eight' ਦਾ ਪੰਜਾਬੀ ਰੂਪ ਕਿਹੜਾ ਹੈ?**

A. ਅਠੱਤਰ
B. ਅਠਾਸੀ
C. ਅਠਾਹਠ
D. ਅਠਾਨਵੇਂ

**Q.29 ਪੰਜਾਬੀ ਭਾਸ਼ਾ ਕਿਸ ਭਾਸ਼ਾ ਪਰਿਵਾਰ ਨਾਲ ਸਬੰਧਿਤ ਹੈ?**

A. ਦ੍ਰਾਵਿੜ
B. ਇੰਡੋ-ਆਰੀਅਨ
C. ਤੁਰਕੀ
D. ਚੀਨੀ-ਤਿੱਬਤੀ

**Q.30 ਜਲ੍ਹਿਆਂ ਵਾਲੇ ਬਾਗ ਦਾ ਕਤਲੇਆਮ ਕਿਹੜੇ ਸਾਲ ਹੋਇਆ?**

A. 1905
B. 1925
C. 1919
D. 1947

**Q.31 ਪੰਜਾਬ ਦਾ ਪੁਨਰਗਠਨ ਕਿਹੜੇ ਸਾਲ ਹੋਇਆ?**

A. 1947
B. 1956
C. 1966
D. 1975

**Q.32 'ਹੀਰ' ਦੇ ਪ੍ਰਸਿੱਧ ਰਚਨਾਕਾਰ ਕੌਣ ਹਨ?**

A. ਵਾਰਿਸਸ਼ਾਹ
B. ਧਨੀਰਾਮ ਚਾਤ੍ਰਿਕ
C. ਪਾਸ਼
D. ਸੁਰਜੀਤ ਪਾਤਰ

**Q.33 ਪੰਜਾਬ ਦੇ ਦੇਸੀ ਮਹੀਨਿਆਂ ਦਾ ਪਹਿਲਾ ਮਹੀਨਾ ਕਿਹੜਾ ਹੈ?**

A. ਵਿਸਾਖ B. ਅੱਸੂ

C. ਪੋਹ D. ਚੇਤ

**Q.34 'ਜਰਨੈਲ' ਹੇਠ ਲਿਖਿਆਂ ਵਿੱਚੋਂ ਕਿਸ ਸ਼ਬਦ ਦਾ ਸ਼ੁੱਧ ਪੰਜਾਬੀ ਰੂਪ ਹੈ?**

A. Journal B. General

C. Journail D. Gernal

**Q.35 'ਉਸਤਤ' ਦਾ ਵਿਰੋਧਾਰਥਕ ਸ਼ਬਦ ਚੁਣੋ:**

A. ਨਿਰਾਦਰ B. ਨੀਵਾਂ

C. ਨਿੰਦਿਆ D. ਸਧਾਰਨ

**Q.36 ਗੁਰੂ ਅੰਗਦ ਦੇਵ ਜੀ ਨੇ ਕਿਹੜਾ ਸ਼ਹਿਰ ਵਸਾਇਆ?**

A. ਕਰਤਾਰਪੁਰ ਸਾਹਿਬ B. ਖਡੂਰ ਸਾਹਿਬ

C. ਗੋਇੰਦਵਾਲ ਸਾਹਿਬ D. ਪਟਨਾ ਸਾਹਿਬ

**Q.37 ਘੋੜਾ ਦਾ ਇਸਤਰੀ ਲਿੰਗ ਹੈ:**

A. ਘੋੜੀ B. ਘੋੜਨ

C. ਘੋੜੇ D. ਘੋੜੀਏ

**Q.38 'ਉਪਜਾਊ' ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**

A. ਉਪ B. ਜਾਊ

C. ਉ D. ਉਪਜਾ

**Q.39 ਗੁਰਮੁਖੀ ਲਿਪੀ ਵਿੱਚ ਦੁੱਤ ਅੱਖਰ ਕਿਹੜੇ ਹਨ?**

A. ੳ,ਅ,ੲ B. ਹ,ਰ,ਵ

C. ਕ,ਖ,ਗ D. ਨ,ਮ,ਣ

**Q.40 ਹੇਠ ਲਿਖਿਆ ਵਾਕ ਕਿਹੜੇ ਕਾਲ ਨਾਲ ਸੰਬੰਧ ਰੱਖਦਾ ਹੈ:**

**ਅਧਿਆਪਕਾ ਪੜ੍ਹਾ ਰਹੀ ਹੈ।**

A. ਭੂਤ ਕਾਲ B. ਵਰਤਮਾਨ ਕਾਲ

C. ਭਵਿਖਤ ਕਾਲ D. ਉਪਰੋਕਤ ਵਿਚੋਂ ਕੋਈ ਨਹੀਂ